# ਗੁਰ ਕਿਰਪਾ ਜਿਹ ਨਰ ਕਉ ਕੀਨੀ

ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥

ਇਹ ਸ਼ਬਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਸੋਰਠਿ ਰਾਗ ਵਿਚ, ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੬੩੩ ਤੇ ਅੰਕਿਤ ਹੈ।

ਇਸ ਸ਼ਬਦ ਵਿਚ ਮਹਾਰਾਜ ਨੇ ਉਸ ਅਵੱਸਥਾ ਦਾ ਉਲੇਖ ਕੀਤਾ ਹੈ ਜੋ ਇਕ ਗੁਰਮੁਖਿ ਵਿਅਕਤੀ ਦੀ ਹੁੰਦੀ ਹੈ। ਜਦੋਂ ਤਕ ਇਹ ਅਵੱਸਥਾ ਨਹੀਂ ਆਈ ਤਦੋਂ ਤਕ ਗੁਰਮੁਖਿ ਵਾਲੀ ਅਵੱਸਥਾ ਨਹੀਂ। ਇਸ ਅਵੱਸਥਾ ਵਿਚ ਸਮਤੋਲ ਹੁੰਦਾ ਹੈ। ਉਹ ਕਿਸੇ ਵੀ ਦੁਨਿਆਵੀ ਪ੍ਰਾਪਤੀ ਤੇ ਬਹੁਤਾ ਖੁਸ਼ ਨਹੀਂ ਹੁੰਦਾ ਅਤੇ ਪ੍ਰਾਪਤੀ ਨਾ ਹੋਣ ਤੇ ਔਖਾ ਨਹੀਂ ਹੁੰਦਾ। ਇਸ ਤੋਂ ਉਲਟ, ਭਗਤ ਰਵਿਦਾਸ ਜੀ, ੪੮੭ ਪੰਨੇ ਤੇ, ਮਨਮੁਖ ਦੀ ਅਵੱਸਥਾ, ਇੰਵ ਬਿਆਨ ਕਰਦੇ ਹਨ – 'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।।... ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।। ਮਾਇਆ ਗਈ ਤਬ ਰੋਵਨੁ ਲਗਤੁ ਹੈ।।'

– ਆਰੰਭਕ ਪੰਕਤੀ ਵਿਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜੋ ਮਨੁਖ ਦੁਨਿਆਵੀ ਦੁਖ ਵਿਚ ਦੁਖੀ ਨਹੀਂ ਹੁੰਦੇ;

– ਦੁਨਿਆਵੀ ਸੁਖਾਂ ਨੂੰ ਅਤੇ ਰਿਸ਼ਤੇਦਾਰੀਆਂ ਦੇ ਮੋਹ ਨੂੰ ਅਤੇ ਡਰ ਨੂੰ ਨਹੀਂ ਮੰਨਦੇ। ਇਸ ਦੇ ਨਾਲ ਹੀ ਸੋਨਾ ਆਦਿ ਸਭ ਕੀਮਤੀ ਵਸਤਾਂ ਨੂੰ ਮਿਟੀ ਸਮਾਨ ਮੰਨਦੇ ਹਨ, ਭਾਵ ਉਨ੍ਹਾਂ ਨੂੰ ਤੁਛ ਜਾਣਦੇ ਹਨ ।੧।ਰਹਾਉ।

ਕਹਿਣ ਦਾ ਭਾਵ, ਜੀਵਨ ਦੀ ਸਹੀ ਜੁਗਤੀ ਅਜਿਹੇ ਹੀ ਮਨੁਖ ਜਾਣਦੇ ਹਨ। ਭਗਤ ਕਬੀਰ ਜੀ ਨੇ ਵੀ ਅਜਿਹੀ ਅਵਸਥਾ ਬਿਆਨ ਕੀਤੀ ਹੈ ਕਿ ਜੋ ਮਨੁਖ ਲੋਹੇ ਅਤੇ ਸੋਨੇ ਨੂੰ ਸਮਾਨ ਜਾਣਦੇ ਹਨ ਉਹ ਰੱਬ ਦਾ ਰੂਪ ਹੁੰਦੇ ਹਨ – 'ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ।।'

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪੰਨਾ ੨੧੯ ਤੇ ਇਹੀ ਦੁਹਰਾ ਰਹੇ ਹਨ – 'ਸੁਖ

ਦੁਖੁ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।'

## ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥

## ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥

– ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸਮਤੋਲ ਵਾਲੇ ਮਨੁਖ ਨਾ ਕਿਸੇ ਦੀ ਨਿੰਦਾਂ ਹੀ ਕਰਦੇ ਹਨ ਅਤੇ ਨਾ ਹੀ, ਖਾਹਮਖਾਹ, ਕਿਸੇ ਦੀ ਵਡਿਆਈ ਹੀ ਕਰਦੇ ਹਨ।
ਭਗਤ ਕਬੀਰ ਜੀ, ਪੰਨਾ ੧੧੨੩, ਤੇ ਫ਼ੁਰਮਾਣ ਕਰਦੇ ਹਨ ਕਿ ਇਸ ਰਸਤੇ ਦੇ ਪਾਂਧੀ ਨੂੰ ਉਸਤਤਿ ਅਤੇ ਨਿੰਦਾ, ਦੋਵੇਂ ਮਨ੍ਹਾ ਹਨ ਅਤੇ ਹੰਕਾਰ ਦਾ ਵੀ ਤਿਆਗ ਕਰਨ ਦਾ ਹੁਕਮ ਹੈ – 'ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ।।'
– ਮਹਾਰਾਜ ਫ਼ੁਰਮਾਉਂਦੇ ਹਨ ਕਿ ਗੁਰਮੁਖਿ ਖ਼ੁਸ਼ੀ ਅਤੇ ਗ਼ਮੀ, ਦੋਹਾਂ ਤੋਂ ਸੁਤੰਤਰ ਹੁੰਦੇ ਹਨ। ਨਾ ਹੀ ਉਹ ਲੋਭ ਅਤੇ ਫ਼ੋਕੇ ਮਾਣ ਦੇ ਭੁਖੇ ਹੁੰਦੇ ਹਨ ਅਤੇ ਅਪਮਾਨ ਵੀ ਉਨ੍ਹਾਂ ਨੂੰ ਨਹੀਂ ਪੋਂਹਦਾ।
ਸ੍ਰੀ ਗੁਰੂ ਅਮਰਦਾਸ ਸਾਹਿਬ ਵੀ, ੩੬੩ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਅਜਿਹੇ ਵਿਅਕਤੀ ਗ਼ਮ ਅਤੇ ਖ਼ੁਸ਼ੀ, ਦੋਹਾਂ ਨੂੰ ਸਮਾਨ ਹੀ ਜਾਣਦੇ ਹਨ ਅਤੇ ਗੁਰੂ ਦੀ ਕਿਰਪਾ ਨਾਲ ਮਿਲੇ ਸ਼ਬਦ ਦੇ ਜਾਪ ਰਾਹੀਂ ਆਪਣਾ ਉਧਾਰ ਕਰਵਾ ਲੈਂਦੇ ਹਨ –
'ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ।।'
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ੨੧੯ ਪੰਨੇ ਤੇ ਖ਼ੁਸ਼ੀ, ਗ਼ਮ, ਉਸਤਤਿ, ਨਿੰਦਾ ਦਾ ਤਿਆਗ ਕਰਕੇ ਨਿਰਬਾਨ ਪਦ ਨੂੰ ਖੋਜਣ ਦਾ ਉਪਦੇਸ਼ ਦਿੰਦੇ ਹਨ –
'ਹਰਖ ਸੋਗ ਤੇ ਅਤੀਤਾ ਤਿਨਿ ਜਗਿ ਤਤੁ ਪਛਾਨਾ।।... ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।'

# ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

# ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥

– ਪਾਤਸ਼ਾਹ ਉਪਦੇਸ਼ ਦੇ ਰਹੇ ਹਨ ਕਿ ਮਨ ਦੀਆਂ ਸਭ ਇਛਾਵਾਂ, ਕਾਮਨਾਵਾਂ ਆਦਿ ਦਾ ਤਿਆਗ ਕਰਕੇ ਇਸ ਸੰਸਾਰ ਵਿਚ ਨਿਰ ਆਸ, ਭਾਵ, ਆਸ਼ਾਵਾਂ ਤੋਂ ਰਹਿਤ ਹੋ ਕੇ ਰਹਿਣਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੩੫੬, ਤੇ ਆਸ਼ਾਵਾਂ ਆਦਿ ਦਾ ਨਾਸ ਕਰਕੇ, ਰਜੋ ਤਮੋ ਸਤੋ-ਤਿੰਨਾ ਗੁਣਾਂ ਤੋਂ ਉਪਰ ਉਠ ਕੇ ਚੌਥੇ ਪਦ, ਭਾਵ, ਤੁਰੀਆਵਸਥਾ ਵਿਚ ਪੁਜਣ ਲਈ ਸੰਤ ਜਨਾਂ ਦੀ ਸੰਗਤਿ ਵਿਚ, ਉਨ੍ਹਾਂ ਦਾ ਓਟ ਆਸਰਾ ਲੈਣ ਦਾ ਉਪਦੇਸ਼ ਦਿਤਾ ਹੈ – 'ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ।। ਤੁਰੀਆਵਸਥਾ ਗੁਰਮੁਖਿ ਬਿਨਾਸਤ ਸੰਤ ਸਭਾ ਕੀ ਓਟ ਲਹੀ।।' ਪੰਨਾ ੪੧੩ ਤੇ ਵੀ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਦਾ ਸਿਮਰਨ ਕਰਨ ਨਾਲ ਆਸਾ ਤੇ ਮਨਸਾ ਨੂੰ ਸਾੜਿਆ ਜਾ ਸਕਦਾ ਹੈ – 'ਆਸਾ ਮਨਸਾ ਸਬਦਿ ਜਲਾਏ।।'

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਅਨੁਸਾਰ ਖਾਹਿਸ਼ਾਂ ਤੇ ਮਨ ਦੇ ਫ਼ੁਰਨੇ ਨੂੰ ਜਲਾ ਕੇ ਮਨੁਖ ਇਥੇ ਮਹਿਮਾਨ, ਮੁਸਾਫ਼ਰ ਬਣ ਕੇ ਰਹੇ ਅਤੇ ਇਉਂ ਜੋ ਗੁਰੂ ਦੇ ਭਾਣੇ ਵਿਚ ਚਲਦਾ ਹੈ ਉਹ ਪਰਮਾਤਮਾ ਦੀ ਦਰਗਾਹ ਵਿਚ ਮਾਣ ਪਾਉਂਦਾ ਹੈ – 'ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ।। ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ।।', ਪੰਨਾ ੪੧੩. ਮਹਾਰਾਜ ਪੰਨਾ ੯੫੧ ਤੇ ਫ਼ਿਰ ਦਸਦੇ ਹਨ ਕਿ ਆਸਾ ਤੇ ਮਨਸਾ ਐਸੀਆਂ ਮੋਹਣੀਆਂ ਹਨ, ਜਿਨ੍ਹਾਂ ਨੇ ਸੰਸਾਰ ਨੂੰ ਮੋਹ ਰਖਿਆ ਹੈ... ਪਰ ਜੋ ਗੁਰੂ ਦੇ ਦਿਤੇ ਸ਼ਬਦ ਦਾ ਜਾਪ ਕਰਦਾ ਹੈ ਉਹੀ ਨਿਰ ਆਸ ਜਾਂ ਕਾਮਨਾ ਰਹਿਤ ਹੋ ਸਕਦਾ ਹੈ – 'ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ।।... ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ।।'

– ਅਗਲੀ ਪੰਕਤੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਚਨ ਕਰਦੇ ਹਨ ਕਿ ਜਿਸ ਮਨੁਖ ਨੂੰ ਕਾਮ ਅਤੇ ਕ੍ਰੋਧ ਨਹੀਂ ਪੋਂਹਦੇ, ਭਾਵ, ਤੰਗ ਨਹੀਂ ਕਰਦੇ, ਸਮਝ ਲਉ ਕਿ ਉਸ ਦੇ ਅੰਦਰ ਬ੍ਰਹਮ, ਪ੍ਰਭੂ ਦਾ ਨਿਵਾਸ ਹੋ ਗਿਆ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ੨੪੧ ਪੰਨੇ ਤੇ, ਅਜਿਹਾ ਹੀ ਬਚਨ ਕਰਦੇ

ਹਨ ਕਿ ਜਿਸਨੇ ਕਾਮ, ਕ੍ਰੋਧ, ਲੋਭ, ਮੋਹ ਦਾ ਤਿਆਗ ਕਰ ਦਿਤਾ ਹੈ ਉਹ ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ - 'ਕਾਮ ਕ੍ਰੋਧ ਲੋਭੁ ਮੋਹੁ ਤਜੋ।। ਜਨਮ ਮਰਨ ਦੁਹੁ ਤੇ ਰਹਿਓ।।'

## ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥

## ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

- ਆਖਰੀ ਪਦ ਵਿਚ, ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਉਪਰੋਕਤ, ਵਿਕਾਰਾਂ ਤੋਂ ਉਪਰ ਉਠ ਕੇ ਪ੍ਰਭੂ ਪ੍ਰਾਪਤੀ ਦੀ ਅਵੱਸਥਾ ਪ੍ਰਾਪਤ ਕਰਨ ਦੀ ਜੁਗਤੀ ਉਸ ਨੂੰ ਆਉਂਦੀ ਹੈ ਜਿਸ ਤੇ ਗੁਰੂ ਦੀ ਕਿਰਪਾ ਹੋ ਜਾਂਦੀ ਹੈ।
ਸ੍ਰੀ ਗੁਰੂ ਅਰਜਨ ਸਾਹਿਬ, ੫੨੨ ਪੰਨੇ ਤੇ, ਉਪਾਅ ਦਸਦੇ ਹਨ ਕਿ ਜਿਸ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਭਾਵ ਗੁਰੂ ਦੀ ਕਿਰਪਾ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਜੀਵਨ ਜੁਗਤਿ ਪੂਰਨ ਹੋ ਜਾਂਦੀ ਹੈ ਅਤੇ ਉਹ, ਹਸਦਾ ਖੇਡਦਾ ਪਹਿਨਦਾ ਅਤੇ ਖਾਂਦਾ ਪੀਂਦਾ ਹੀ ਇਨ੍ਹਾਂ ਦੇ ਵਿਕਾਰਾਂ ਤੋਂ ਉਪਰ ਉਠ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ - 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।। ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।।' ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਵੀ ਗੁਰੂ ਅਨੁਸਾਰੀ ਨੂੰ ਹੀ ਪਰਮਾਤਮਾ ਨਾਲ ਜੋਗ (ਜੁੜਨ ਜਾਂ ਇਕਮਿਕਤਾ) ਦੀ ਜੁਗਤੀ ਦੀ ਪ੍ਰਾਪਤੀ ਹੋਣੀ ਦਸਦੇ ਹਨ - 'ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ।।'
- ਆਖਰੀ ਪੰਕਤੀ ਵਿਚ, ਨੌਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਸ ਤਰ੍ਹਾਂ ਜਦੋਂ ਗੁਰੂ ਪ੍ਰਸੰਨ ਹੋ ਕੇ ਕਿਰਪਾ ਕਰਦਾ ਹੈ ਤਾਂ ਮਨੁਖ, ਪਰਮਾਤਮਾ, ਗੋਬਿੰਦ ਦੇ ਵਿਚ ਇੰਝ ਲੀਨ ਹੋ ਜਾਂਦਾ ਹੈ ਜਿਵੇਂ ਪਾਣੀ ਪਾਣੀ ਵਿਚ ਹੁੰਦਾ ਹੈ।
ਪੰਚਮ ਪਾਤਸ਼ਾਹ ਨੇ ਤਾਂ, ਪੰਨਾ ੫੪੪ ਤੇ, ਇਥੋਂ ਤਕ ਬਚਨ ਕਰ ਦਿਤਾ ਕਿ ਜਿਸਤੇ ਗੁਰੂ ਤੁਠ ਪੈਂਦਾ ਹੈ, ਪ੍ਰੇਮ ਵਿਚ, ਉਹ ਉਸ ਮਨੁਖ ਦੀ ਬਾਂਹ ਫੜ ਕੇ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਨਾਲ ਹੀ ਬੇਨਤੀ ਕੀਤੀ ਹੈ ਕਿ ਮੇਰੇ ਤੇ ਅਜਿਹੀ ਕਿਰਪਾ ਕਰੀ ਰਖੋ ਕਿ ਚਰਨਾਂ ਨਾਲ ਜੁੜਿਆ ਰਹਾਂ - 'ਗਹਿ ਭੁਜਾ ਲੀਨੀ

ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ।। ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ।।'
ਅਗੋਂ, ੩੯੪ ਪੰਨੇ ਤੇ, ਬਚਨ ਕਰਦੇ ਹਨ ਕਿ ਜਦੋਂ ਗੁਰੂ ਦੇ ਆਖੇ ਲਗਣ ਨਾਲ, ਗੁਰੂ ਕਿਰਪਾ ਦੇ ਘਰ ਵਿਚ ਆਉਂਦਾ ਹੈ ਤਾਂ ਬਿਨਾਂ ਕਿਸੇ ਗੁਣ ਅਉਗੁਣ ਨੂੰ ਵੇਖੇ, ਖਿਚ ਕੇ ਆਪਣੀ ਰਾਣੀ ਬਣਾ ਲੈਂਦਾ ਹੈ, ਭਾਵ, ਅਪਨਾ ਲੈਂਦਾ ਹੈ। ਇਨ੍ਹਾਂ ਪੰਕਤੀਆਂ ਵਿਚ ਜੀਵ ਰੂਪੀ ਇਸਤਰੀ ਦਸਦੀ ਹੈ ਕਿ ਮੈਂ ਗੁਰੂ ਦੇ ਆਖੇ ਲਗ ਗਈ, ਉਸ ਨੇ, ਮੇਰੇ ਵਰਗੀ ਗਰੀਬਣੀ ਤੇ ਅਨਾਥ ਵਿਚ ਪਤਾ ਨਹੀਂ ਕੀ ਵੇਖਿਆ ਕਿ ਮੈਨੂੰ ਪਕੜ ਕੇ ਆਪਣੀ ਰਾਣੀ ਬਣਾ ਲਿਆ ਭਾਵ ਇਕਮਿਕ ਕਰ ਲਿਆ – 'ਭਲੋ ਭਇਓ ਪ੍ਰਿਅ ਕਹਿਆ ਮਾਨਿਆ।। ਸੂਖੁ ਸਹਜੁ ਇਸੁ ਘਰ ਕਾ ਜਾਨਿਆ।।... ਨਾ ਮੈ ਕੁਲ ਨ ਸੋਭਾਵੰਤ।। ਕਿਆ ਜਾਨਾ ਕਿਉ ਭਾਨੀ ਕੰਤ।। ਮੋਹਿ ਅਨਾਥ ਗਰੀਬ ਨਿਮਾਨੀ।। ਕੰਤ ਪਕਰਿ ਹਮ ਕੀਨੀ ਰਾਨੀ।।' ਇਤਿਹਾਸ ਵਿਚ, ਭਾਈ ਲਹਿਣਾ ਜੀ ਵੀ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਆਖੇ ਹੀ ਲਗੇ ਸਨ ਤੇ ਪਾਤਸ਼ਾਹ ਨੇ ਗੁਰੂ ਨਾਨਕ ਹੀ ਬਣਾ ਦਿਤਾ।
ਮਿਲਾਪ ਦੀ ਅਵੱਸਥਾ ਦਾ ਭਗਤ ਕਬੀਰ ਜੀ ੯੬੯ ਪੰਨੇ ਤੇ ਇੰਞ ਬਿਆਨ ਕਰਦੇ ਹਨ – 'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ।। ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।' ਅਤੇ ਭਗਤ ਨਾਮਦੇਵ ਜੀ ੧੧੬੬ ਪੰਨੇ ਤੇ ਦਸਦੇ ਹਨ – 'ਨਾਮੇ ਨਾਰਾਇਨ ਨਾਹੀ ਭੇਦੁ।।'

Last modified: 3:30 pm